# ਸਕਾਲਰਸ਼ਿਪ ਦਾ ਐਲਾਨ 2023-24



ਭਗਵੰਤ ਮਾਨ ਮੁੱਖ ਮੰਤਰੀ, ਪੰਜਾਬ

**Post Matric Scholarships to the Students belonging to Scheduled Castes for Studies in India Scheme** ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਵਿੱਚ Gross Enrolment Ratio (GER) ਵਿੱਚ ਵਾਧਾ ਕਰਨ ਲਈ ਚਲਾਈ ਜਾ ਰਹੀ ਹੈ। ਇਸ ਸਕੀਮ ਦਾ ਮੁੱਖ ਟੀਚਾ ਅਤਿ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਪੂਰੀ ਕਰਨ ਲਈ ਸਹਾਇਤਾ ਪ੍ਰਦਾਨ ਕਰਨਾ ਹੈ।

ਪੰਜਾਬ ਸਰਕਾਰ ਵੱਲੋਂ ਇਸ ਸਕੀਮ ਤਹਿਤ 10ਵੀਂ ਜਮਾਤ ਤੋਂ ਬਾਅਦ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਫ੍ਰੀ-ਸ਼ਿਪ ਕਾਰਡ ਜਾਰੀ ਕਰਨ ਅਤੇ ਸਕਾਲਰਸ਼ਿਪ ਲਈ ਅਪਲਾਈ ਕਰਨ ਲਈ ਆਨਲਾਇਨ ਦਰਖਾਸਤਾਂ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ **https://scholarships.punjab.gov.in** ਤੇ ਲਈਆਂ ਜਾ ਰਹੀਆਂ ਹਨ।

## ਯੋਗਤਾ

- ਬਿਨੈਕਾਰ ਪੰਜਾਬ ਰਾਜ ਦਾ ਵਸਨੀਕ ਹੋਵੇ।
- ਬਿਨੈਕਾਰ ਪੰਜਾਬ ਰਾਜ ਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ।
- ਵਿਦਿਆਰਥੀ ਦੇ ਮਾਤਾ ਪਿਤਾ/ਸਰਪ੍ਰਸਤ ਦੀ ਸਲਾਨਾ ਪਰਿਵਾਰਕ ਆਮਦਨ 2.5 ਲੱਖ ਰੁਪਏ ਤੋਂ ਵੱਧ ਨਾ ਹੋਵੇ।
- ਬਿਨੈਕਾਰ ਸਰਕਾਰੀ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਯੂਨੀਵਰਸਿਟੀ/ਕਾਲਜ/ਸਕੂਲ ਵਿੱਚ ਪੜਾਈ ਕਰਦਾ ਹੋਵੇ।

## ਹਦਾਇਤਾਂ

### ਬਿਨੈਕਾਰ ਲਈ

- ਫ੍ਰੀ-ਸ਼ਿਪ ਕਾਰਡ ਕੇਵਲ ਫ੍ਰੈਸ਼ (ਕੋਰਸ ਦਾ ਪਹਿਲਾ ਸਾਲ) ਵਿਦਿਆਰਥੀਆਂ ਨੂੰ ਹੀ ਜਾਰੀ ਕੀਤਾ ਜਾਣਾ ਹੈ।
- ਫ੍ਰੀ-ਸ਼ਿਪ ਕਾਰਡ ਅਪਲਾਈ ਕਰਨ ਲਈ ਵਿਧੀ ਪੋਰਟਲ ਦੇ Help Menu ਵਿੱਚ Student Registration and Freeship Card Manual ਵਿੱਚ ਦਰਜ ਹੈ।
- ਰਿਨਿਊਅਲ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ ਅਪਲਾਈ ਕਰਨ ਦੀ ਜਰੂਰਤ ਨਹੀਂ ਹੁੰਦੀ, ਉਹਨਾਂ ਦੀਆਂ ਦਰਖਾਸਤਾਂ ਸੰਸਥਾਂ ਦੀ ਆਈ.ਡੀ. ਵਿੱਚ ਆਪਣੇ ਆਪ Generate ਹੁੰਦੀਆਂ ਹਨ। ਜਿਸ ਅਨੁਸਾਰ ਸੰਸਥਾਵਾਂ ਵੱਲੋਂ ਵਿਦਿਆਰਥੀ ਦੀ ਦਰਖਾਸਤ ਫਾਰਵਰਡ ਕੀਤੀ ਜਾਂਦੀ ਹੈ।
- ਬਿਨੈਕਾਰ ਦਾ ਬੈਂਕ ਖਾਤਾ ਆਧਾਰ ਸੀਡਡ ਅਤੇ ਐਕਟਿਵ ਮੋਡ ਵਿਚ ਹੋਵੇ ਤਾਂ ਜੋ ਸਕਾਲਰਸ਼ਿਪ ਦੀ ਅਦਾਇਗੀ ਹੋ ਸਕੇ।
- ਆਮਦਨ ਸਰਟੀਫਿਕੇਟ (ਕੇਵਲ ਫ੍ਰੈਸ਼ ਵਿਦਿਆਰਥੀਆਂ ਲਈ) ਕੰਪੀਟੈਂਟ ਅਥਾਰਟੀ (ਘੱਟੋ-ਘੱਟ ਤਹਿਸੀਲਦਾਰ/ਨੈਬ ਤਹਿਸੀਲਦਾਰ) ਵੱਲੋਂ ਜਾਰੀ ਹੋਇਆ ਹੋਵੇ।
- ਸਕਾਲਰਸ਼ਿਪ ਅਪਲਾਈ ਕਰਦੇ ਸਮੇਂ ਵਿਦਿਆਰਥੀ ਵੱਲੋਂ ਆਪਣੀ ਡਿਟੇਲ ਨੂੰ ਪੂਰੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਲਾਕ ਕੀਤਾ ਜਾਵੇ।

### ਯੂਨੀਵਰਸਿਟੀਆਂ/ਕਾਲਜਾਂ/ਸਕੂਲਾਂ ਲਈ

- ਸਮੂਹ ਵਿਦਿਅਕ ਸੰਸਥਾਵਾਂ ਫ੍ਰੀ-ਸ਼ਿਪ ਕਾਰਡ ਵਾਲੇ ਵਿਦਿਆਰਥੀਆਂ ਨੂੰ ਬਿਨ੍ਹਾਂ ਦਾਖਲਾ ਫੀਸ ਲਏ ਆਪਣੀ ਸੰਸਥਾ ਵਿੱਚ ਦਾਖਲਾ ਦੇਣਗੀਆਂ।
- ਸਮੂਹ ਵਿਦਿਅਕ ਸੰਸਥਾਵਾਂ ਇਹ ਯਕੀਨੀ ਬਣਾਉਣ ਕਿ ਜਦੋਂ ਵੀ ਵਿਦਿਆਰਥੀ ਸੰਸਥਾ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਨੂੰ ਤੁਰੰਤ ਸਕਾਲਰਸ਼ਿਪ ਲਈ ਅਪਲਾਈ ਕਰਵਾਇਆ ਜਾਵੇ।
- ਸੰਸਥਾ ਵੱਲੋਂ ਸਕੀਮ ਅਧੀਨ ਪ੍ਰਵਾਨ ਕੀਤੇ ਵਿਦਿਆਰਥੀਆਂ ਦੇ ਮੁਕੰਮਲ ਦਸਤਾਵੇਜਾਂ ਦੀਆਂ ਕਾਪੀਆਂ ਆਪਣੇ ਕੋਲ ਰੱਖਣੀਆਂ ਅਤਿ ਜਰੂਰੀ ਹਨ।
- ਸੰਸਥਾਵਾਂ ਨੂੰ ਸਾਲ 2023-24 ਲਈ ਆਧਾਰ ਬੇਸਡ ਅਟੈਂਡੈਂਸ ਸਿਸਟਮ ਲਾਗੂ ਕਰਨਾ Mandatory ਹੈ।
- ਹਰੇਕ ਸੰਸਥਾ ਸਕੀਮ ਨੂੰ ਹਰੇਕ ਯੋਗ ਵਿਦਿਆਰਥੀ ਨੂੰ ਲਾਭ ਦਿਵਾਉਣ ਸਬੰਧੀ Facilitation Centre ਸਥਾਪਿਤ ਕਰਨਾ ਯਕੀਨੀ ਬਣਾਵੇਗੀ।

◆ ਸਕੀਮ ਦੀਆਂ ਹਦਾਇਤਾਂ Scheme Details ਵਿੱਚ GOI New Guidelines March 2021 ਵਿੱਚ ਦਰਜ ਹਨ।

◆ ਸਕਾਲਰਸ਼ਿਪ ਸਬੰਧੀ ਤਕਨੀਕੀ ਸਮੱਸਿਆ ਲਈ ਈ-ਮੇਲ ID : pms.dsjem.punjab@gmail.com ਤੇ ਈ.ਮੇਲ. ਕੀਤੀ ਜਾ ਸਕਦੀ ਹੈ।

**ਡਾਇਰੈਕਟੋਰੇਟ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ**

**ਐਸ.ਸੀ.ਐਫ. ਨੰਬਰ-7, ਫੇਜ਼-1, ਐਸ.ਏ.ਐਸ. ਨਗਰ (ਮੋਹਾਲੀ)**




# ਵੱਧਦੇ ਕਦਮ

| ਸਾਲ | ਵਿਦਿਆਰਥੀਆਂ ਦੀ ਗਿਣਤੀ |
|---|---|
| 2020-21 | 176481 |
| 2021-22 | 195156 |
| 2022-23 | 226427 |
| 2023-24 | 260000 (ਟੀਚਾ) |



# ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਸਕੀਮ ਫਾਰ ਐਸ.ਸੀ ਜਿਲਾਵਾਰ ਰਿਪੋਰਟ

| ਲੜੀ ਨੰ | ਜਿਲ੍ਹਾ | 2020-21 | 2021-22 | 2022-23 | 2021-22 ਦੇ ਮੁਕਾਬਲੇ % ਵਾਧਾ |
|---|---|---|---|---|---|
| 1 | ਤਰਨਤਾਰਨ | 1100 | 1405 | 2318 | 64.98 |
| 2 | ਮਲੇਰਕੋਟਲਾ | 0 | 1551 | 2354 | 51.77 |
| 3 | ਮਾਨਸਾ | 7872 | 7908 | 10844 | 37.13 |
| 4 | ਅੰਮ੍ਰਿਤਸਰ | 6083 | 7408 | 9858 | 33.07 |
| 5 | ਸ੍ਰੀ ਮੁਕਤਸਰ ਸਾਹਿਬ | 8544 | 9210 | 11532 | 25.21 |
| 6 | ਫਾਜਿਲਕਾ | 4287 | 5985 | 7426 | 24.08 |
| 7 | ਮੋਗਾ | 7296 | 7365 | 9024 | 22.53 |
| 8 | ਗੁਰਦਾਸਪੁਰ | 7815 | 7639 | 9462 | 23.86 |
| 9 | ਲੁਧਿਆਣਾ | 11175 | 12521 | 15152 | 21.01 |
| 10 | ਪਠਾਨਕੋਟ | 4690 | 4438 | 5341 | 20.35 |
| 11 | ਬਠਿੰਡਾ | 14212 | 16238 | 19302 | 18.87 |
| 12 | ਕਪੂਰਥਲਾ | 4616 | 4695 | 5503 | 17.21 |
| 13 | ਰੋਪੜ | 4180 | 3810 | 4437 | 16.46 |
| 14 | ਅਦਰ ਸਟੇਟ | 1343 | 1377 | 1590 | 15.47 |
| 15 | ਐਸ.ਏ.ਐਸ ਨਗਰ | 6273 | 6508 | 7507 | 15.35 |
| 16 | ਫਰੀਦਕੋਟ | 5102 | 5755 | 6539 | 13.62 |
| 17 | ਬਰਨਾਲਾ | 5070 | 6509 | 7387 | 13.49 |
| 18 | ਹੁਸ਼ਿਆਰਪੁਰ | 11592 | 11635 | 12961 | 11.40 |
| 19 | ਜਲੰਧਰ | 18864 | 22737 | 24906 | 9.54 |
| 20 | ਪਟਿਆਲਾ | 16962 | 19118 | 20617 | 7.84 |
| 21 | ਫਿਰੋਜਪੁਰ | 3532 | 4384 | 4591 | 4.72 |
| 22 | ਸ਼ਹੀਦ ਭਗਤ ਸਿੰਘ ਨਗਰ | 5554 | 4687 | 4916 | 4.89 |
| 23 | ਸੰਗਰੂਰ | 12310 | 12998 | 13377 | 2.92 |
| 24 | ਸ੍ਰੀ ਫਤਿਹਗੜ੍ਹ ਸਾਹਿਬ | 8009 | 9275 | 9483 | 2.24 |
| ਕੁੱਲ ਜੋੜ | | 176481 | 195156 | 226427 | 16.02 |

# ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ
## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਸਾਲ 2023-24

## ਮਿਸ਼ਨ 2.6

ਸਕਾਲਰਸ਼ਿਪ ਜਾਗਰੂਕਤਾ ਹਫ਼ਤਾ
ਮਿਤੀ 22-09-2023 ਤੋ 29-09-2023



**ਡਾ. ਬਲਜੀਤ ਕੌਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ, ਪੰਜਾਬ**